ਬਾਲ ਭਿੱਖਿਆ ਰੋਕੂ ਟਾਸਕ ਫੋਰਸ ਨੇ ਭੀਖ ਮੰਗਦੀ ਬੱਚੀ ਛੁਡਾਈ

ਜਲੰਧਰ, 5 ਜਨਵਰੀ (ਪੱਤਰ ਪ੍ਰੇਰਕ)– ਬਾਲ ਭਿੱਖਿਆ ਨੂੰ ਰੋਕਣ ਤੇ ਭੀਖ ਮੰਗਦੇ ਬੱਚਿਆਂ ਨੂੰ ਛੁਡਾਉਣ ਲਈ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਵਲੋਂ ਥੀਮੋਸੀ ਚੌਕ, ਗੁਰੂ ਨਾਨਕ ਮਿਸ਼ਨ ਚੌਕ ਤੇ ਮਾਡਲ ਟਾਊਨ ਵਿਚ ਛਾਪੇਮਾਰੀ ਕੀਤੀ ਗਈ ਅਤੇ ਇਸ ਦੌਰਾਨ ਭੀਖ ਮੰਗਦੀ ਇਕ ਬੱਚੀ ਨੂੰ ਛੁਡਵਾਇਆ ਗਿਆ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਡਾਇਰੇਕਟਰ ਸਮਾਜਿਕ ਸੁਰੱਖਿਆ ਤੇ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਸ਼ਹਿਰ ਵਿਚੋਂ ਬਾਲ ਭਿੱਖਿਆ ਨੂੰ ਰੋਕਣ ਲਈ ਟਾਸਕ ਫੋਰਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਭੀਖ ਮੰਗਦੇ ਬੱਚਿਆਂ ਨੂੰ ਰੈਸਕਿਊ ਕਰਕੇ ਬਾਲ ਭਲਾਈ ਕਮੇਟੀਆਂ ਨੂੰ ਸੌਂਪਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਸ਼ਹਿਰ ਦੇ ਕਈ ਖੇਤਰਾਂ ਵਿੱਚ ਛਾਪੇਮਾਰੀ ਕਰਕੇ ਬੱਚਿਆਂ ਨੂੰ ਬੈਗਰੀ ਐਕਟ ਤਹਿਤ ਰੈਸਕਿਊ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਵੱਖ-ਵੱਖ ਟੀਮਾਂ ਵਲੋਂ ਆਮ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਬੱਚਿਆਂ ਦੇ ਅਧਿਕਾਰਾਂ, ਸਿੱਖਿਆ ਦੀ ਮਹੱਤਤਾ ਤੇ ਬੱਚਿਆਂ ਨਾਲ ਹੋ ਰਹੇ ਅਪਰਾਧਾਂ ਬਾਰੇ, ਬਾਲ ਮਜ਼ਦੂਰੀ, ਬਾਲ ਭਿਖਿਆ, ਬੱਚਿਆਂ ਨਾਲ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਵਰਗੀਆਂ ਬੁਰਾਈਆਂ ਬਾਰੇ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਨੂੰ ਬਾਲ ਭਿੱਖਿਆ, ਕਿਸੇ ਵੀ ਮੁਸੀਬਤ ਵਿੱਚ ਫਸੇ ਬੱਚੇ ਬਾਰੇ ਜਾਣਕਾਰੀ ਮਿਲੇ ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਜਾਂ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਗਾਂਧੀ ਵਨੀਤਾ ਆਸ਼ਰਮ ਵਿਖੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਸ੍ਰੀ ਕ੍ਰਿਸ਼ਨ ਆਯੂਸ਼ ਵਰਸਿਟੀ ਵੱਲੋਂ ਕਾੜ੍ਹਾ ਤਿਆਰ

ਸ਼ਾਹਬਾਜ਼ ਮਾਰਕੰਡਾ, 5 ਜਨਵਰੀ (ਪੱਤਰ ਪ੍ਰੇਰਕ)–ਸਰਦੀਆਂ ਦੇ ਮੌਸਮ ਦੌਰਾਨ ਖੰਘ, ਬੁਖ਼ਾਰ ਅਤੇ ਜ਼ੁਕਾਮ ਵਰਗੀਆਂ ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਰਾਜੁਕਸ਼ੇਤਰ ਨੇ ਵਿਸ਼ੇਸ਼ ਔਸ਼ਧੀ ਕਾੜ੍ਹਾ ਤਿਆਰ ਕੀਤਾ ਹੈ। ਇਹ ਕਾੜ੍ਹਾ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਰੋਜ਼ਾਨਾ 30 ਮਿਲੀਲੀਟਰ ਦੀ ਮਾਤਰਾ ਵਿੱਚ ਵੰਡਿਆ ਜਾਵੇਗਾ। ਆਯੂਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੈਦ ਕਰਤਾਰ ਸਿੰਘ ਧੀਮਾਨ ਤੇ ਰਜਿਸਟਰਾਰ ਪ੍ਰੋ. ਬ੍ਰਿਜੇਂਦਰ ਸਿੰਘ ਤੋਮਰ ਨੇ ਹਸਪਤਾਲ ਦਾ ਦੌਰਾ ਕੀਤਾ ਤੇ ਮਰੀਜ਼ਾਂ ਨੂੰ ਕਾੜ੍ਹਾ ਵੰਡਣ ਦੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਮੌਕੇ ਵਾਈਸ ਚਾਂਸਲਰ ਧੀਮਾਨ ਨੇ ਕਿਹਾ ਕਿ ਆਯੁਰਵੇਦ ਵਿੱਚ ਕਾੜ੍ਹਾ ਸਭ ਤੋਂ ਪੁਰਾਤਨ ਦਵਾਈ ਮੰਨੀ ਜਾਂਦੀ ਹੈ, ਜਿਸ ਤੋਂ ਹੋਰ ਕਈ ਦਵਾਈਆਂ ਬਣੀਆਂ ਹਨ। ਉਨ੍ਹਾਂ ਕਿਹਾ ਕਿ ਜੜੀ-ਬੂਟੀਆਂ ਤੋਂ ਬਣਿਆ ਇਹ ਵਿਸ਼ੇਸ਼ ਕਾੜ੍ਹਾ ਸਰੀਰ ਦੀ ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦਾ ਹੈ। ਜਿਸਟਰਾਰ ਤੋਮਰ ਨੇ ਕਿਹਾ ਕਿ ਯੂਨੀਵਰਸਿਟੀ ਦਾ ਉਦੇਸ਼ ਆਯੁਰਵੇਦ ਨੂੰ ਸਿਰਫ਼ ਸਿੱਖਿਆ ਤੱਕ ਮਮਤਾ ਨੇ 'ਐੱਸ ਆਈ ਆਰ' ਰੋਕਣ ਲਈ ਪੱਤਰ ਲਿਖਿਆ

ਕੋਲਕਾਤਾ, 5 ਜਨਵਰੀ (ਪੱਤਰ ਪ੍ਰੇਰਕ)– ਚੋਣ ਕਮਿਸ਼ਨਰ 'ਤੇ ਨਿਸ਼ਾਨਾ ਸੇਧਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਸੂਬੇ ਵਿੱਚ ਵੋਟਰ ਸੂਚੀ ਦੀ 'ਮਨਮਾਨੀ ਅਤੇ ਤੁਰੰਟੀਪੂਰਨ' ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਰੋਕਣ ਲਈ ਆਖਿਆ ਹੈ। ਉਨ੍ਹਾਂ ਨਾਲ ਹੀ ਚਿਤਾਵਨੀ ਦੇਂਦਿਆਂ ਕਿਹਾ ਕਿ ਮੌਜੂਦਾ ਢੰਗ ਨਾਲ ਇਹ ਸੁਧਾਈ ਪ੍ਰਕਿਰਿਆ ਚੱਲਣ ਕਾਰਨ ਵੱਡੇ ਪੱਧਰ 'ਤੇ ਲੋਕ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਹੋ ਜਾਣਗੇ ਤੇ ਇਹ ਕਾਰਵਾਈ ਲੋਕਤੰਤਰ 'ਤੇ ਹਮਲਾ ਹੋਵੇਗੀ। ਮੁੱਖ ਮੰਤਰੀ ਨੇ 3 ਜਨਵਰੀ ਨੂੰ ਲਿਖੇ ਪੱਤਰ ਰਾਹੀਂ ਚੋਣ ਕਮਿਸ਼ਨ 'ਤੇ ਗੰਭੀਰ ਦੋਸ਼ ਲਗਾਏ।

ਕੂੜਾ ਚੁੱਕਣ ਲਈ ਟਰੈਕਟਰ-ਟਰਾਲੀਆਂ ਦੇ ਟੈਂਡਰ ਫਸੇ, ਕਈ ਰੂਟਾਂ 'ਤੇ ਕੰਮ ਪ੍ਰਭਾਵਿਤ ਹੋਣ ਦਾ ਖ਼ਤਰਾ

ਜਲੰਧਰ, 5 ਜਨਵਰੀ (ਪੱਤਰ ਪ੍ਰੇਰਕ)– ਨਗਰ ਨਿਗਮ ਦੇ ਵੱਖ-ਵੱਖ ਰੂਟਾਂ 'ਤੇ ਕੂੜਾ ਚੁੱਕਣ ਲਈ ਲਗਾਈਆਂ ਟਰੈਕਟਰ-ਟਰਾਲੀਆਂ ਦਸ ਸਕਦੀਆਂ ਹਨ। ਨਿਗਮ ਨੇ ਸ਼ਹਿਰ ਦੇ 13 ਮੁਖੀ ਰੂਟਾਂ ਲਈ ਟੈਂਡਰ ਲਗਾਏ ਹਨ। ਇਨ੍ਹਾਂ ਟੈਂਡਰਾਂ ਵਿਚ ਇਹ ਸ਼ਰਤ ਹੈ ਕਿ ਜੋ ਟੈਂਡਰ ਸਭ ਤੋਂ ਵੱਧ ਲੌਸ 'ਤੇ ਜਾਵੇਗਾ, ਉਸੇ ਲੌਸ 'ਤੇ ਬਾਕੀ ਟੈਂਡਰ ਜਾਰੀ ਕੀਤੇ ਜਾਣਗੇ। ਸਾਰੇ ਟੈਂਡਰ ਇਕੱਠੇ ਖੋਲ੍ਹੇ ਜਾਣਗੇ। ਇਨ੍ਹਾਂ 13 ਵਿੱਚੋਂ ਹੁਣ ਤਕ 6 ਟੈਂਡਰ ਆਏ ਹਨ ਅਤੇ ਜੇਕਰ ਬਾਕੀ ਟੈਂਡਰਾਂ ਲਈ ਠੇਕੇਦਾਰ ਅੱਗੇ ਨਹੀਂ ਆਉਂਦੇ ਤਾਂ ਨਿਗਮ ਟੈਂਡਰ ਨਹੀਂ ਖੋਲ੍ਹੂਗਾ। ਇਸ ਸਥਿਤੀ ਵਿੱਚ ਨਿਗਮ ਨੂੰ ਕੂੜਾ ਚੁੱਕਣ ਦਾ ਕੰਮ ਐਕਸਟੈਂਸ਼ਨ ਜਾਂ ਸੰਕਲਨ 'ਤੇ ਕਰਵਾਉਣਾ ਪੈ ਸਕਦਾ ਹੈ, ਜਿਸ ਨਾਲ ਨਿਗਮ ਨੂੰ ਵਿੱਤੀ ਨੁਕਸਾਨ ਹੋਵੇਗਾ। ਨਿਗਮ ਨੇ ਜੋ 13 ਟੈਂਡਰ ਲਗਾਏ ਹਨ, ਉਹ ਸ਼ਹਿਰ ਦੀਆਂ ਮੁੱਖ ਸੜਕਾਂ ਲਈ ਹਨ। ਜੇਕਰ ਨਿਗਮ ਕੰਮ ਬੰਦ ਕਰਦਾ ਹੈ, ਤਾਂ ਸਾਰੀਆਂ ਮੁਖੀ ਸੜਕਾਂ 'ਤੇ ਕੂੜਾ ਫੈਲ ਜਾਵੇਗਾ ਅਤੇ ਜੇਕਰ ਨਿਗਮ ਕੰਮ ਕਰਵਾਉਂਦਾਹੈ, ਤਾਂ ਇਹ ਟੈਂਡਰ ਦੀ ਤੁਲਨਾ ਵਿਚ ਮਹਿੰਗਾ ਪੈ ਸਕਦਾ ਹੈ। ਜਾਣਕਾਰੀ ਅਨੁਸਾਰ ਟਰੈਕਟਰ-ਟਰਾਲੀਆਂ ਦੇ ਕੰਮ ਵਿਚ ਕਈ ਨਵੇਂ ਠੇਕੇਦਾਰ ਆਏ ਗਏ ਹਨ, ਜਿਸ ਕਾਰਨ ਪੁਰਾਣੇ ਠੇਕੇਦਾਰ ਕੰਮ ਨਹੀਂ ਲੈ ਰਹੇ। ਇਸ ਦਾ ਵੱਡਾ ਕਾਰਨ ਇਹ ਹੈ ਕਿ ਨਵੇਂ ਠੇਕੇਦਾਰ ਕਾਫੀ ਵੱਧ ਲੌਸ 'ਤੇ ਕੰਮ ਕਰ ਰਹੇ ਹਨ। ਕੁਝ ਨਵੇਂ ਠੇਕੇਦਾਰਾਂ ਨੇ ਲੌਸ ਵੱਧ ਦਿੱਤਾ ਹੈ, ਜਿਸ ਨਾਲ ਕੰਮ ਵਿਚ ਗੜਬੜ ਹੋਈ ਹੈ। ਇਸ ਕਾਰਨ ਪੁਰਾਣੇ ਠੇਕੇਦਾਰ ਟੈਂਡਰਾਂ ਤੋਂ ਦੂਰੀ ਬਣਾ ਰਹੇ ਹਨ, ਕਿਉਂਕਿ ਜੇਕਰ ਕੰਮ ਸਹੀ ਕਰਨਾ ਹੈ, ਤਾਂ ਵੱਧ ਲੌਸ 'ਤੇ ਕੰਮ ਨਹੀਂ ਕਰ ਸਕਦੇ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਟਰੈਕਟਰ-ਟਰਾਲੀਆਂ ਦੇ ਕੰਮ ਵਿਚ ਗੜਬਜ਼ ਦੇ ਕਈ ਮਾਮਲੇ ਮੇਅਰ ਨੇ ਖ਼ੁਦ ਫੜੇ ਹਨ। ਇਸ ਲਈ ਮੇਅਰ ਵਨੀਤ ਧੀਰ ਨੇ ਨਿਗਮ ਵਫਦਰ ਵਿਚ ਇੱਕ ਵਾਰ ਗੂਮ ਤਿਆਰ ਕਰਵਾਇਆ ਹੈ, ਜਿਸ ਰਾਹੀਂ ਟਰੈਕਟਰ-ਟਰਾਲੀਆਂ ਦੀ ਮਾਨੀਟਰਿੰਗ ਕੀਤੀ ਜਾ ਰਹੀ ਹੈ। ਦੋ ਦਿਨ ਪਹਿਲਾਂ ਇੱਕ ਠੇਕੇਦਾਰ ਦੀ ਗੜਬਜ਼ ਫੜੀ ਗਈ ਸੀ। ਇਸ ਠੇਕੇਦਾਰ ਦੀਆਂ 14 ਟਰੈਕਟਰ-ਟਰਾਲੀਆਂ ਚੱਲ ਰਹੀਆਂ ਹਨ, ਪਰ ਕੰਮ ਤੇ ਸਿਰਫ 6 ਹੀ ਆ ਰਹੀਆਂ ਹਨ। ਮੇਅਰ ਨੇ 8 ਟਰੈਕਟਰ-ਟਰਾਲੀਆਂ ਦਾ ਡੁਗਡਾਨ ਰੋਕਣ ਦੇ ਨਿਰਦੇਸ਼ ਦਿੱਤੇ ਹਨ।

11 ਕਿੱਲੋ ਡੋਡਿਆਂ ਸਮੇਤ ਦੋ ਫੜੇ

ਪਤਾਰਾ/ਜਲੇਧਰ ਕੈਂਟ, 5 ਜਨਵਰੀ (ਪੱਤਰ ਪ੍ਰੇਰਕ)– ਥਾਣਾ ਪਤਾਰਾ ਦੀ ਪੁਲਿਸ ਟੀਮ ਨੇ 11 ਕਿੱਲੋ ਡੋਡੇ ਤੇ ਇਕ ਮੋਟਰਸਾਈਕਲ ਸਮੇਤ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਥਾਣਾ ਪਤਾਰਾ ਮੁਖੀ ਐੱਸਆਈ ਰਾਮ ਕਿਸ਼ਨ ਨੇ ਦੱਸਿਆ ਕਿ ਗਸ਼ਤ ਦੌਰਾਨ ਚੁਰਸਤਾ ਪਿੰਡ ਨੇੜਲ ਵਹਿਨ ਖਾਂ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ ਤਾਂ ਮੋਟਰਸਾਈਕਲ ਨੰਬਰੀ ਪੀਬੀ-07-ਸੀਸੀ-4328 ਮਾਰਕਾ ਹੌਂਡਾ ਸ਼ਾਈਨ ਪਰ ਦੋ ਵਿਅਕਤੀ ਆਉਂਦਦਿਖਾਈ ਦਿੱਤੇ, ਜਿਨ੍ਹਾਂ ਨੇ ਕਾਬੂਆਂ ਬੋਰਾ ਰੱਖਿਆ ਸੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਬੋਰਾ ਸਾਈਡ 'ਤੇ ਸੁੱਟ ਕੇ ਪਿਛਾਂਹ ਮੜਨ ਲੱਗੇ ਤਾਂ ਏਐੱਸਆਈ ਜੀਵਨ ਕੁਮਾਰ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਜਦੋਂ ਸੁੱਟ ਗਏ ਬੋਰੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 11 ਕਿੱਲੋ ਡੋਡੇ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਨਰਵੀਰ ਸਿੰਘ ਉਰਫ ਦੀਪੀਮਨ ਤੇ ਪਿੰਡ ਬੈਠੇ ਵਿਅਕਤੀ ਦੀ ਪਛਾਣ ਵੀਰੂ ਵਾਸੀ ਪਿੰਡ ਜੈਨ ਥਾਣਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਮੁਲਜ਼ਮਾਂ ਖ਼ਿਲਾਫ਼ ਐੱਨ.ਡੀ.ਪੀ.ਐਸ ਐਕਟ ਤਹਿਤ ਥਾਣਾ ਪਤਾਰਾ ਜ਼ਿਲ੍ਹਾ ਜਲੰਧਰ 'ਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਨੂੰ ਪੇਸ਼ ਅਦਾਲਤ ਕਰਕੇ ਇਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਤੇ ਮੁਲਜ਼ਮਾਂ ਕੋਲੋਂ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਉੱਪਰਲਾ ਸਦਨ: ਵਿਧਾਨ ਪਰਿਸ਼ਦ ਦੀ ਆਖ਼ਰੀ ਪੈੜ ਵੀ ਮਿਟੀ

ਸਾਲ 1970 'ਚ ਭੰਗ ਕੀਤਾ ਗਿਆ ਸੀ ਉੱਪਰਲਾ ਸਦਨ

ਚੰਡੀਗੜ੍ਹ, 5 ਜਨਵਰੀ (ਪੱਤਰ ਪ੍ਰੇਰਕ)–ਪੰਜਾਬ ਵਿਧਾਨ ਪਰਿਸ਼ਦ ਦੇ ਯੁੱਗ ਦਾ ਅੰਤ ਹੋ ਗਿਆ ਹੈ। ਬੇਸ਼ੱਕ ਪੰਜਾਬ ਅਸੈਂਬਲੀ ਦੇ ਉੱਪਰਲੇ ਸਦਨ ਦੀ ਹੋਂਦ ਜਨਵਰੀ 1970 'ਚ ਖ਼ਤਮ ਹੋ ਗਈ ਸੀ ਪਰ ਪੰਜਾਬ ਵਿਧਾਨ ਪਰਿਸ਼ਦ ਦੇ ਜਦਾਨੀਂ ਜਾ ਚੁੱਕੇ ਮੈਂਬਰਾਂ ਦੇ ਪਰਿਵਾਰਾਂ ਨੂੰ ਫੈਮਿਲੀ ਪੈਨਸ਼ਨ ਮਿਲਦੀ ਰਹੀ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਅਨੁਸਾਰ ਪੰਜਾਬ ਵਿਧਾਨ ਪਰਿਸ਼ਦ ਦੇ ਛੇੜ ਹੋ ਚੁੱਕੇ ਮੈਂਬਰਾਂ 'ਚੋਂ ਆਖ਼ਰੀ ਫੈਮਿਲੀ ਪੈਨਸ਼ਨ ਸ੍ਰੀਮਤੀ ਲਾਜਵੰਤੀ ਨੂੰ ਦਿੱਤੀ ਗਈ। ਸਕੱਤਰੇਤ ਦੇ ਰਿਕਾਰਡ ਅਨੁਸਾਰ ਫੈਮਿਲੀ ਪੈਨਸ਼ਨ ਲੈਣ ਵਾਲਿਆਂ 'ਚ ਲਾਜਵੰਤੀ ਦਾ ਨਾਮ ਦਰਜ ਹੈ ਪਰ ਉਹ ਵੀ ਇਸ ਦੁਨੀਆ 'ਚੋਂ ਜਾ ਚੁੱਕੀ ਹੈ। ਅੰਮ੍ਰਿਤਪਾਲ ਸਿੰਘ ਪੰਜਾਬ ਵਿਧਾਨ ਪਰਿਸ਼ਦ (ਐੱਮ ਐੱਲ ਸੀ) ਦੇ 27 ਅਪਰੈਲ 1966 ਤੱਕ ਮੈਂਬਰ ਰਹੇ। ਉਹ ਸਹਿਕਾਰੀ ਬੈਂਕ ਤਲਵੰਡੀ ਸਾਬੋ ਅਤੇ ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ ਵੀ ਸਨ। 2 ਅਪਰੈਲ 1999 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ, ਜਿਸ ਮਗਰੋਂ ਉਨ੍ਹਾਂ ਦੀ ਪਤਨੀ ਲਾਜਵੰਤੀ ਨੂੰ ਪੇਨਸ਼ਨ ਲੱਗ ਗਈ ਸੀ। ਲਾਜਵੰਤੀ ਦੀ ਮੌਤ ਵੀ ਸਾਲ 2018 ਵਿੱਚ ਹੋ ਗਈ ਸੀ। ਉਨ੍ਹਾਂ ਦੇ ਪੋਤਰੇ ਸੰਦੀਪ ਕੁਮਾਰ ਨੇ ਦੱਸਿਆ ਕਿ ਦਾਦੀ ਨੂੰ ਆਖ਼ਰੀ ਸਮੇਂ 12 ਹਜ਼ਾਰ ਰੁਪਏ ਪੇਨਸ਼ਨ ਮਿਲਦੀ ਸੀ, ਜੋ ਉਨ੍ਹਾਂ ਦੇ ਚਲਾਣੇ ਮਗਰੋਂ ਬੰਦ ਕਰਵਾ ਦਿੱਤੀ ਗਈ। ਇਸ ਵੇਲੇ ਵਿਧਾਨ ਸਭਾ ਦੇ 194 ਸਾਬਕਾ ਵਿਧਾਇਕਾਂ ਦੇ ਪਰਿਵਾਰਾਂ ਨੂੰ ਫੈਮਿਲੀ ਪੇਨਸ਼ਨ ਮਿਲ ਰਹੀ ਹੈ, ਜਦੋਂਕਿ ਵਿਧਾਨ ਪਰਿਸ਼ਦ ਦੀ ਇਕਲੌਤੀ ਲਾਭਪਾਤਰਣੀ ਲਾਜਵੰਤੀ ਹੀ ਸੀ। ਇਤਿਹਾਸ ਦੇ ਪੰਨਿਆਂ ਤੋਂ ਹੁਣ ਆਖ਼ਰੀ ਪੈੜ ਵੀ ਨਹੀਂ ਲੱਭੇਗੀ, ਜਦੋਂ ਪਿਛਾਂਹ ਨਜ਼ਰ ਮਾਰਦੇ ਹਾਂ ਤਾਂ ਆਜ਼ਾਦੀ ਤੋਂ ਪਹਿਲਾਂ ਗੋਰਮਿੰਟ ਆਫ ਇੰਡੀਆ ਐਕਟ 1919 ਤਹਿਤ ਬ੍ਰਿਟਿਸ਼ ਹਕੂਮਤ ਨੇ ਪੰਜਾਬ ਵਿਧਾਨ ਪਰਿਸ਼ਦ ਦਾ ਗਠਨ ਕੀਤਾ ਸੀ ਅਤੇ ਭਾਰਤੀ ਸੰਸਦ ਨੇ ਧਾਰਲੀਮੈਂਟ ਐਕਟ ਆਫ 1969 ਤਹਿਤ ਪੰਜਾਬ 'ਚੋਂ ਵਿਧਾਨ ਪਰਿਸ਼ਦ ਨੂੰ ਵਜੋਂ ਜਾਣੀ ਜਾਂਦੀ ਰਹੀ ਹੈ। ਜਦੋਂ ਪੰਜਾਬ ਪਰਿਸ਼ਦ ਭੰਗ ਕੀਤੀ ਗਈ ਤਾਂ ਉਸ ਵੇਲੇ ਇਸ ਸਦਨ ਦੇ 40 ਮੈਂਬਰ ਸਨ। 1957 ਵਿੱਚ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ 51 ਸੀ। ਵਿਧਾਨ ਪਰਿਸ਼ਦ 'ਚ ਸਥਾਨਕ ਸਰਕਾਰਾਂ, ਗਰੈਜੂਏਟਾਂ, ਅਧਿਆਪਕਾਂ ਅਤੇ ਨਾਮਜ਼ਦਗੀ ਜ਼ਰੀਏ ਮੈਂਬਰ ਬਣਾਏ ਜਾਂਦੇ ਸਨ। ਇਸ ਸਦਨ ਨੂੰ ਖ਼ਜ਼ਾਨੇ 'ਤੇ ਭਾਰ ਸਮਝਿਆ ਜਾਣ ਲੱਗਿਆ ਤਾਂ ਇਸ ਨੂੰ ਖ਼ਤਮ ਕਰ ਦਿੱਤਾ ਗਿਆ। ਹੁਣ ਦੇਸ਼ ਦੇ ਛੇ ਸੂਬਿਆਂ 'ਚ ਹੀ ਵਿਧਾਨ ਪਰਿਸ਼ਦ ਬਚੀ ਹੈ, ਜਿਨ੍ਹਾਂ 'ਚ ਆਂਧਰਾ ਪ੍ਰਦੇਸ਼, ਬਿਹਾਰ, ਕਰਨਾਟਕ, ਮਹਾਰਾਸ਼ਟਰ, ਤਿਲੰਗਾਨਾ ਅਤੇ ਉੱਤਰ ਪ੍ਰਦੇਸ਼ ਸ਼ਾਮਲ ਹਨ। ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਤੇ ਜ਼ਿਲਾਵਾ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬ ਵਿਧਾਨ ਪਰਿਸ਼ਦ ਦੇ ਮੈਂਬਰ ਰਹੇ ਹਨ। ਆਜ਼ਾਦੀ ਤੋਂ ਪਹਿਲਾਂ ਸਰ ਛੋਟੂ ਰਾਮ, ਸੁੱਚਾ ਸਿੰਘ ਮਜੀਠੀਆ, ਜੋਗਿੰਦਰ ਸਿੰਘ ਅਤੇ ਸਿਕੰਦਰ ਹਯਾਤ ਖ਼ਾਨ ਵੀ ਵਿਧਾਨ ਪਰਿਸ਼ਦ ਦੇ ਮੈਂਬਰ ਰਹੇ ਸਨ।

ਸੀ। ਵਿਧਾਨ ਪਰਿਸ਼ਦ ਉੱਪਰਲੇ ਸਦਨ ਵਜੋਂ ਜਾਣੀ ਜਾਂਦੀ ਰਹੀ ਹੈ। ਜਦੋਂ

ਖੁੱਡੀਆਂ ਦੀ ਘੁਰਕੀ ਮਗਰੋਂ ਡੀਲਰਾਂ ਖ਼ਿਲਾਫ਼ ਕੇਸ ਦਰਜ

ਪਾਬੰਦੀਸ਼ੁਦਾ ਕੀਟਨਾਸ਼ਕ ਵੇਚਣ ਦਾ ਦੋਸ਼; ਮੁਲਜ਼ਮ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ

ਚੰਡੀਗੜ੍ਹ, 5 ਜਨਵਰੀ (ਪੱਤਰ ਪ੍ਰੇਰਕ)–ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਘੁਰਕੀ ਮਗਰੋਂ ਪੁਲੀਸ ਨੂੰ ਪਾਬੰਦੀਸ਼ੁਦਾ ਨਦੀਨਨਾਸ਼ਕ/ ਕੀਟਨਾਸ਼ਕ ਵੇਚਣ ਵਾਲੇ ਦੋ ਡੀਲਰਾਂ ਖ਼ਿਲਾਫ਼ ਕੇਸ ਦਰਜ ਕਰਨੇ ਪਏ ਹਨ। ਇਸ ਤੋਂ ਪਹਿਲਾਂ ਪੁਲੀਸ ਇਸ ਮਾਮਲੇ ਵਿੱਚ ਢਿੱਲ ਵਰਤ ਰਹੀ ਸੀ। ਖੇਤੀ ਅਫਸਰਾਂ ਨੇ ਮੁਹਾਲੀ ਅਤੇ ਖਰੜ ਦੇ ਦੋ ਡੀਲਰਾਂ ਖ਼ਿਲਾਫ਼ ਸੋਹਾਣਾ ਅਤੇ ਸਿਟੀ ਖਰੜ ਥਾਣਿਆਂ ਨੂੰ ਲਿਖਤੀ ਸ਼ਿਕਾਇਤਾਂ ਦਿੱਤੀਆਂ ਸਨ ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਸ੍ਰੀ ਖੁੱਡੀਆਂ ਨੇ ਡੀ ਜੀ ਪੀ ਗੌਰਵ ਯਾਦਵ ਅਤੇ ਮੁਹਾਲੀ ਦੇ ਜ਼ਿਲ੍ਹਾ ਪੁਲੀਸ ਮੁਖੀ (ਐੱਸ